ਪੰਜਾਬ ਸਰਕਾਰ
ਭੌਂ ਪ੍ਰਾਪਤੀ ਕੁਲੈਕਟਰ
ਸ੍ਰੀ ਅਨੰਦਪੁਰ ਸਾਹਿਬ।

# ਜਨਤਕ ਨੋਟਿਸ

ਨੰਬਰ.੬.1...../ਐਲ.ਏ.ਸੀ. ਮਿਤੀ 7.01.2020

ਪੰਜਾਬ ਸਰਕਾਰ ਵੱਲੋ ਸੁਰੂਆਤੀ ਨੋਟੀਫਿਕੇਸ਼ਨ ਨੰ: 14/277/16-1B&R2/1587382 ਮਿਤੀ 30-09-2019 "The Right to Fair Compensation and Transparency in Land Acquisition, Rehabilitation & Resettlement Act, 2013" ਅਧੀਨ ਸੈਕਸ਼ਨ 11 ਦੀ ਉਪ ਧਾਰਾ (1) ਰਾਹੀਂ ਜਨਤਕ ਉਦੇਸ਼ ਵਾਟਰ ਸਪਲਾਈ ਸਕੀਮ ਪਿੰਡ ਲਮਲੈਹੜੀ ਲਈ ਜਮੀਨ ਅਕਵਾਇਰ ਕਰਨ ਲਈ ਕੱਢਿਆ ਗਿਆ ਸੀ, ਜਿੱਥੇ ਇਹ ਸਕੀਮ 1974 ਤੋਂ ਪਹਿਲਾਂ ਦੀ ਚੱਲ ਰਹੀ ਹੈ।ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ "The Right to Fair Compensation and Transparency in Land Acquisition, Rehabilitation & Resettlement Act, 2013" ਅਧੀਨ ਧਾਰਾ ਸੈਕਸ਼ਨ 19 ਦਾ ਨੋਟੀਫਿਕੇਸ਼ਨ ਨੰ: 14/277/16-1BR2/1618128/1 ਮਿਤੀ 23-12-2019 ਨੂੰ ਜਾਰੀ ਕੀਤਾ ਗਿਆ ਹੈ ਅਤੇ ਹੇਠ ਲਿਖੀ ਜਮੀਨ ਦਾ ਪਬਲਿਕ ਨੋਟਿਸ ਜਾਰੀ ਕਰਨ ਲਈ ਨਿਮਨ ਹਸਤਾਖਰ ਨੂੰ "The Right to Fair Compensation and Transparency in Land Acquisition, Rehabilitation & Resettlement Act, 2013" ਦੇ ਭਾਗ 21 ਦੇ ਵਿਧਾਨ ਦੇ ਤਹਿਤ ਨਿਰਦੇਸ਼ਿਤ ਕੀਤਾ ਗਿਆ ਸੀ।

ਜਦੋ ਕਿ ਸਰਕਾਰ ਇਸ ਗੱਲ ਤੋਂ ਸਤੁੰਸ਼ਟ ਹੈ, ਕਿ ਹੇਠਾਂ ਦਿੱਤੀ ਜ਼ਮੀਨ ਨੂੰ ਸਰਕਾਰ ਦੁਆਰਾ ਜਨਤਕ ਕੰਮ ਲਈ ਜਨਤਕ ਖਰਚਿਆਂ ਤੋਂ ਪਿੰਡ ਲਮਲੈਹੜੀ ਵਿੱਚ ਵਾਟਰ ਸਪਲਾਈ ਸਕੀਮ ਲਈ ਜਮੀਨ ਲੋੜੀਂਦੀ ਹੈ।ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਅਕਵਾਇਰ ਕੀਤੀ ਜਾ ਰਹੀ ਜਮੀਨ ਪਹਿਲਾਂ ਹੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕਬਜ਼ੇ ਵਿੱਚ ਹੈ ਅਤੇ ਵਾਟਰ ਸਪਲਾਈ ਸਕੀਮ 1974 ਤੋਂ ਸਾਇਟ ਤੇ ਪਹਿਲਾਂ ਤੋਂ ਹੀ ਚੱਲ ਰਹੀ ਹੈ, ਮੁੜ ਵਸੇਬੇ ਦੇ ਉਦੇਸ਼ਾਂ ਲਈ ਕਿਸੇ ਵੀ ਜਮੀਨ ਦੇ ਟੁਕੜੇ ਨੂੰ ਮੁੜ ਵਸੇਬਾ ਖੇਤਰ ਐਲਾਨਣ ਦੀ ਜਰੂਰਤ ਨਹੀ ਹੈ।"The Right to Fair Compensation and Transparency in Land Acquisition, Rehabilitation & Resettlement Act, 2013" ਦੇ ਸੈਕਸ਼ਨ 21 ਅਧੀਨ ਸਬੰਧਤ ਭੌਂ ਮਾਲਕਾਂ ਨੂੰ ਜਾਂ ਉਨ੍ਹਾਂ ਨਾਲ ਸਬੰਧਤਾਂ ਨੂੰ ਜਨਤਕ ਨੋਟਿਸ ਜਾਰੀ ਕੀਤਾ ਹੈ ਤਾਂ ਜੋ ਜਮੀਨ ਨਾਲ ਸਬੰਧਤ ਮੁਆਵਜਾ ਦਿੱਤਾ ਜਾ ਸਕੇ।

ਉਕਤ ਜਮੀਨ ਵਿੱਚ ਦਿਲਚਸ਼ਪੀ ਰੱਖਣ ਵਾਲੇ ਵਿਅਕਤੀ ਨਿੱਜੀ ਤੌਰ ਤੇ ਜਾਂ ਕਿਸੇ ਏਜੰਟ ਜਾਂ ਵਕੀਲ ਰਾਹੀਂ ਮਿਤੀ 7-02-2020 ਨੂੰ ਸਵੇਰੇ 11 ਵਜੇ ਨਿਮਨ ਹਸਤਾਖਰ ਦੇ ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਭੌਂ ਪ੍ਰਾਪਤੀ ਕੁਲੈਕਟਰ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੇਸ਼ ਹੋ ਕੇ ਜਮੀਨ, ਰਕਮ ਅਤੇ ਮੁਆਵਜੇ ਦੇ ਨਾਲ ਸਬੰਧਤ ਆਪਣੇ ਹੱਕ ਸਬੰਧੀ ਜੇਕਰ ਕੋਈ ਇਤਰਾਜ ਹੋਵੇ ਅਤੇ ਜਮੀਨ ਦੇ ਮਾਪ ਸਬੰਧੀ ਅਧੀਨ ਸੈਕਸ਼ਨ 20 ਜੇਕਰ ਕੋਈ ਇਤਰਾਜ ਹੋਵੇ ਤਾਂ ਉਹ "The Right to Fair Compensation and Transparency in Land Acquisition, Rehabilitation & Resettlement Act, 2013" ਅਧੀਨ ਦੇ ਸਕਦਾ ਹੈ।

ਖੇਤਰ ਵਾਈਜ ਪਿੰਡ ਦੀ ਸੂਚੀ:-

ਤਹਿਸੀਲ ਸ੍ਰੀ ਅਨੰਦਪੁਰ ਸਾਹਿਬ:-

| ਪਿੰਡ ਲਮਲੈਹੜੀ (317) | | | | | | | |
|---|---|---|---|---|---|---|---|
| ਲੜੀ ਨੰ. | ਜਿਲ੍ਹਾ | ਤਹਿਸੀਲ | ਪਿੰਡ ਤੇ ਹਦਬਸਤ ਨੰ. | ਖਸਰਾ ਨੰਬਰ | ਜਮੀਨ ਦੀ ਕਿਸਮ | ਰਕਬਾ | ਵਿਸ਼ੇਸ ਕਥਨ |
| | | | | | | ਕ-ਮ | |
| 1 | ਰੂਪਨਗਰ | ਸ੍ਰੀ ਅਨੰਦਪੁਰ ਸਾਹਿਬ | ਲਮਲੈਹੜੀ (317) | 486/398 ਮਿੰਨ | ਗੈ.ਮੁ.ਵਾਟਰ ਸਪਲਾਈ | 2-14 | |
| **TOTAL** | | | | | | **2-14** | |

ਕੁੱਲ ਰਕਬਾ:- 2 ਕਨਾਲ 14 ਮਰਲੇ

O/C ਉਪ ਮੰਡਲ ਮੈਜਿਸਟਰੇਟ-ਕਮ-
ਭੌਂ ਪ੍ਰਾਪਤੀ ਕੁਲੈਕਟਰ,
ਸ੍ਰੀ ਅਨੰਦਪੁਰ ਸਾਹਿਬ।

ਪਿੱਠ ਅੰਕਣ ਨੰ:..2-3........./ਐਲ.ਏ.ਸੀ. ਮਿਤੀ..7.1.22......

ਇਸ ਦਾ ਇਕ ਉਤਾਰਾ ਸੇਵਾ ਵਿਖੇ
1) ਡਿਪਟੀ ਕਮਿਸ਼ਨਰ, ਰੂਪਨਗਰ
2) ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਮੰਡਲ ਸ੍ਰੀ ਅਨੰਦਪੁਰ ਸਾਹਿਬ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

O/C ਉਪ ਮੰਡਲ ਮੈਜਿਸਟਰੇਟ-ਕਮ-
ਭੌਂ ਪ੍ਰਾਪਤੀ ਕੁਲੈਕਟਰ,
ਸ੍ਰੀ ਅਨੰਦਪੁਰ ਸਾਹਿਬ।